# ਪੰਜਾਬੀ ਭਾਸ਼ਾ ਪਾਸਾਰ ਭਾਈਚਾਰਾ

ਹਵਾਲਾ ਨੰ: ਪ.ਭ.ਪ.ਭ./51

ਮਿਤੀ : 05-12-2018

ਸੇਵਾ ਵਿਖੇ

ਮਾਣਯੋਗ ਰਾਜਪਾਲ ਸਾਹਿਬ,
ਪੰਜਾਬ ਸਰਕਾਰ, ਰਾਜ ਭਵਨ,
ਚੰਡੀਗੜ੍ਹ।

ਵਿਸ਼ਾ: ਪੰਜਾਬ ਸਰਕਾਰ ਵੱਲੋਂ 'ਪੰਜਾਬ ਰਾਜ ਭਾਸ਼ਾ ਐਕਟ 1967' ਅਤੇ 'ਪੰਜਾਬ ਪੰਜਾਬੀ ਅਤੇ ਹੋਰ ਭਾਸ਼ਾਵਾਂ ਸਿੱਖਿਆ ਐਕਟ 2008' ਦੀਆਂ ਵਿਵੱਸਥਾਵਾਂ ਨੂੰ ਗੰਭੀਰਤਾ ਨਾਲ ਅਮਲ ਵਿਚ ਲਿਆਉਣ ਨੂੰ ਯਕੀਨੀ ਬਣਵਾ ਕੇ, ਮਾਂ ਬੋਲੀ ਪੰਜਾਬੀ ਨੂੰ 'ਰਾਜ ਭਾਸ਼ਾ' ਦਾ ਬਣਦਾ ਦਰਜਾ ਦਵਾਉਣ ਲਈ ਬੇਨਤੀ।

ਸਤਿਕਾਰਯੋਗ ਵਿਜੈ ਇੰਦਰ ਪਾਲ ਬਦਨੌਰ ਜੀ

ਨਿਮਰਤਾ ਸਹਿਤ ਆਪ ਜੀ ਨੂੰ ਯਾਦ ਕਰਵਾਇਆ ਜਾਂਦਾ ਹੈ ਕਿ 01 ਨਵੰਬਰ 1966 ਨੂੰ 'ਪੰਜਾਬੀ ਸੂਬੇ' ਦੀ ਸਥਾਪਨਾ, ਪੰਜਾਬੀ ਭਾਸ਼ਾ ਦੇ ਸਰਵਪੱਖੀ ਵਿਕਾਸ ਦੇ ਉਦੇਸ਼ ਨਾਲ ਕੀਤੀ ਗਈ ਸੀ। ਇਸ ਉਦੇਸ਼ ਦੀ ਪ੍ਰਾਪਤੀ ਲਈ ਉਸ ਸਮੇਂ ਦੀ ਪੰਜਾਬ ਸਰਕਾਰ ਨੇ ਦਸੰਬਰ 1967 ਵਿਚ 'ਪੰਜਾਬ ਰਾਜ ਭਾਸ਼ਾ ਐਕਟ 1967' ਬਣਾਇਆ। ਫੇਰ ਪੰਜਾਬ ਰਾਜ ਭਾਸ਼ਾ (ਸੋਧ) ਐਕਟ 2008 ਰਾਹੀਂ ਇਸ ਐਕਟ ਵਿਚ ਮਹੱਤਵਪੂਰਨ ਸੋਧਾਂ ਕੀਤੀਆਂ। ਇਸੇ ਤਰ੍ਹਾਂ ਪੰਜਾਬ ਵਿਚ ਸਥਿਤ ਸਾਰੇ ਸਕੂਲਾਂ (ਸਮੇਤ ਅੰਗ੍ਰੇਜ਼ੀ ਮਾਧਿਅਮ ਸਕੂਲਾਂ) ਵਿਚ ਪੰਜਾਬੀ ਨੂੰ ਪਹਿਲੀ ਤੋਂ ਦਸਵੀਂ ਜਮਾਤ ਤੱਕ ਲਾਜ਼ਮੀ ਵਿਸ਼ੇ ਦੇ ਤੌਰ ਤੇ ਪੜ੍ਹਾਏ ਜਾਣ ਨੂੰ ਯਕੀਨੀ ਬਣਾਉਣ ਲਈ 'ਪੰਜਾਬ ਪੰਜਾਬੀ ਅਤੇ ਹੋਰ ਭਾਸ਼ਾਵਾਂ ਸਿੱਖਿਆ ਐਕਟ 2008' ਬਣਾਇਆ।

ਬੜੇ ਦੁੱਖ ਨਾਲ ਆਪ ਜੀ ਦੇ ਧਿਆਨ ਵਿਚ ਲਿਆਂਦਾ ਜਾ ਰਿਹਾ ਹੈ ਕਿ ਪਿਛਲੀ ਅੱਧੀ ਸਦੀ ਵਿਚ ਪੰਜਾਬੀ ਭਾਸ਼ਾ ਦਾ ਵਿਕਾਸ ਨਹੀਂ ਸਗੋਂ ਨਿਘਾਰ ਹੋਇਆ ਹੈ। ਇਸ ਦੀ ਪ੍ਰਫੁੱਲਤਾ ਲਈ ਬਣੀਆਂ ਕਾਨੂੰਨੀ ਵਿਵੱਸਥਾਵਾਂ ਅਤੇ ਸੰਸਥਾਵਾਂ ਦਾ ਗਲਾ ਘੁੱਟ ਦਿੱਤਾ ਗਿਆ ਹੈ। ਹੁਣ ਤੱਕ ਬਣੀਆਂ ਸਾਰੀਆਂ ਪੰਜਾਬ ਸਰਕਾਰਾਂ ਦੀ ਅਣਗਹਿਲੀ ਕਾਰਨ, ਕਰੋੜਾਂ ਪੰਜਾਬੀਆਂ ਦੀ ਮਾਂ ਬੋਲੀ ਪੰਜਾਬੀ ਕੈਂਸਰ ਵਰਗੀ ਬਿਮਾਰੀ ਦਾ ਸ਼ਿਕਾਰ ਹੋ ਗਈ ਲੱਗਦੀ ਹੈ। ਇਸ ਦੇ ਆਉਣ ਵਾਲੀ ਅੱਧੀ ਸਦੀ ਵਿਚ ਅੰਤ ਹੋਣ ਦੀ ਭਵਿੱਖਬਾਣੀ ਸੱਚੀ ਸਿੱਧ ਹੁੰਦੀ ਨਜ਼ਰ ਆਉਣ ਲੱਗੀ ਹੈ।

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਸਾਰੇ ਸੰਸਾਰ ਵਿਚ ਫੈਲੇ 11 ਕਰੋੜ ਪੰਜਾਬੀਆਂ ਦੀ ਪ੍ਰਤੀਨਿਧ ਸੰਸਥਾ ਹੈ। ਭਾਰਤੀ ਪੰਜਾਬ ਵਿਚ ਇਹ ਮਾਂ ਬੋਲੀ ਪੰਜਾਬੀ ਨੂੰ ਸਰਕਾਰ, ਵਪਾਰ, ਰੁਜ਼ਗਾਰ ਅਤੇ ਪਰਿਵਾਰ ਵਿਚ ਬਣਦੀ ਸਤਿਕਾਰ ਯੋਗ ਥਾਂ ਦਵਾਉਣ ਲਈ ਸੰਘਰਸ਼ ਸ਼ੀਲ ਹੈ।

ਆਪ ਜੀ ਪੰਜਾਬ ਸਰਕਾਰ ਦੇ ਸੰਵਿਧਾਨਕ ਮੁੱਖੀ ਹੋ। ਇੱਕ ਹੰਢੇ ਵਰਤੇ ਵਿਦਵਾਨ ਸਿਆਸਤਦਾਨ ਹੋ। ਪੰਜਾਬੀ ਪਿਆਰਿਆਂ ਨੂੰ ਆਪ ਜੀ ਤੋਂ ਬਹੁਤ ਉਮੀਦਾਂ ਹਨ।

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ, ਪੰਜਾਬੀ ਭਾਸ਼ਾ ਦੀ ਅਧੋਗਤੀ ਲਈ ਜ਼ਿੰਮੇਵਾਰ ਪੰਜਾਬ ਸਰਕਾਰ ਦੀਆਂ ਕੁਝ ਅਣਗਹਿਲੀਆਂ ਅਤੇ ਉਨ੍ਹਾਂ ਅਣਗਹਿਲੀਆਂ ਕਾਰਨ ਪੈਦਾ ਹੋਈਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਸੁਝਾਅ, ਆਪ ਜੀ ਦੇ ਧਿਆਨ ਵਿਚ ਲਿਆ ਰਿਹਾ ਹੈ।

**ਪੰਜਾਬੀ ਭਾਸ਼ਾ ਨੂੰ ਦਰਪੇਸ਼ ਸਮੱਸਿਆਵਾਂ ਅਤੇ ਉਨ੍ਹਾਂ ਦੇ ਸੰਭਾਵੀ ਹੱਲ**

ਪੰਜਾਬ ਰਾਜ ਭਾਸ਼ਾ ਸੋਧ ਐਕਟ 2008 ਰਾਹੀਂ ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਭਾਸ਼ਾ ਐਕਟ 1967 ਵਿਚ ਸੋਧ ਕਰਕੇ ਅਤੇ ਧਾਰਾ 3-ਏ ਜੋੜ ਕੇ ਪੰਜਾਬ ਦੀਆਂ ਸਾਰੀਆਂ ਜ਼ਿਲ੍ਹਾ ਅਦਾਲਤਾਂ ਵਿਚ ਹੁੰਦੇ ਕੰਮਕਾਜ ਨੂੰ ਪੰਜਾਬੀ ਵਿਚ ਕਰਨ ਦੀ ਵਿਵੱਸਥਾ ਕੀਤੀ ਸੀ। ਇਹ ਵਿਵੱਸਥਾ, ਇਸੇ ਐਕਟ ਦੀ ਧਾਰਾ 3-ਏ(2) ਰਾਹੀਂ, 05 ਨਵੰਬਰ 2008 ਤੋਂ ਲਾਗੂ ਵੀ ਹੋ ਗਈ ਸੀ। ਇਸ ਵਿਵੱਸਥਾ ਨੂੰ ਲਾਗੂ ਕਰਨ ਲਈ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਆਪਣੇ ਪੱਤਰ ਨੰ:29827 ਮਿਤੀ 11.09.2009 ਰਾਹੀਂ ਪੰਜਾਬ ਸਰਕਾਰ ਨੂੰ ਮੁਲਾਜ਼ਮ ਭਰਤੀ ਕਰਨ ਲਈ ਲਿਖਿਆ ਸੀ। ਪੂਰੇ ਦਸ ਸਾਲ ਤੋਂ ਇਹ ਮਾਮਲਾ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਹੀ ਚੱਲ ਰਿਹਾ ਹੈ। ਇਨ੍ਹਾਂ ਚਿੱਠੀਆਂ ਦੀਆਂ ਨਕਲਾਂ ਨੱਥੀ ਕੀਤੀਆਂ ਜਾਂਦੀਆਂ ਹਨ। ਨਤੀਜੇ ਵਜੋਂ ਕਾਨੂੰਨ ਦੀ ਇਹ ਮਹੱਤਵਪੂਰਨ ਵਿਵੱਸਥਾ ਲਾਗੂ ਨਹੀਂ ਹੋ ਰਹੀ। ਕ੍ਰਿਪਾ ਕਰਕੇ ਪੰਜਾਬ ਸਰਕਾਰ ਨੂੰ ਹਦਾਇਤ ਕਰਕੇ ਇਹ ਭਰਤੀ ਤੁਰੰਤ ਕਰਾਈ ਜਾਵੇ ਤਾਂ ਜੋ ਇੱਕ ਪਾਸੇ ਲੋਕਾਂ ਨੂੰ ਇਨਸਾਫ਼ ਆਪਣੀ ਮਾਤ ਭਾਸ਼ਾ ਵਿਚ ਮਿਲਣ ਲੱਗੇ ਅਤੇ ਦੂਜੇ ਪਾਸੇ ਪੰਜਾਬੀ ਪੜ੍ਹੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਉਪਲੱਬਧ ਹੋ ਸਕਣ। ਇਸ ਵਿਸ਼ੇ ਤੇ ਵਿਸਤ੍ਰਿਤ ਜਾਣਕਾਰੀ ਦੇਣ ਲਈ ਮੇਰੇ (ਮਿੱਤਰ ਸੈਨ ਮੀਤ) ਵੱਲੋਂ ਲਿਖਿਆ ਲੇਖ ਵੀ ਨੱਥੀ ਕੀਤਾ ਜਾਂਦਾ ਹੈ।

ਪੰਜਾਬ ਰਾਜ ਭਾਸ਼ਾ ਐਕਟ ਦੀ ਧਾਰਾ 6-ਏ ਰਾਹੀਂ ਕੇਂਦਰ ਅਤੇ ਪੰਜਾਬ ਸਰਕਾਰ ਦੇ ਬਣੇ ਕਾਨੂੰਨਾਂ ਨੂੰ ਪੰਜਾਬੀ ਵਿਚ ਅਨੁਵਾਦ ਕਰਨ ਦੀ ਵਿਵੱਸਥਾ ਕੀਤੀ ਗਈ ਹੈ। ਕਾਨੂੰਨਾਂ ਨੂੰ ਅਨੁਵਾਦ ਕਰਨ ਲਈ ਪੰਜਾਬ ਸਰਕਾਰ ਵੱਲੋਂ, ਕੇਂਦਰ ਸਰਕਾਰ ਦੀ ਸਲਾਹ ਤੇ ਇੱਕ 'ਪੰਜਾਬ ਰਾਜ ਭਾਸ਼ਾ (ਵਿਧਾਨਿਕ) ਕਮਿਸ਼ਨ,' 1973 ਵਿਚ ਸਥਾਪਤ ਕੀਤਾ ਗਿਆ। ਕਾਨੂੰਨ ਦੇ ਇਨ੍ਹਾਂ ਅਨੁਵਾਦਾਂ, ਛਪਾਈ ਅਤੇ ਪ੍ਰਕਾਸ਼ਨ ਦਾ ਸਾਰਾ ਖਰਚਾ ਕੇਂਦਰ ਸਰਕਾਰ ਉਠਾਉਂਦੀ ਹੈ। ਇਸ ਸਮੇਂ ਇਸ ਕਮਿਸ਼ਨ ਵਿਚ ਕੇਵਲ ਇੱਕ ਮੈਂਬਰ, ਇੱਕ ਉੱਚ ਅਧਿਕਾਰੀ, ਇੱਕ ਪਰੂਫ਼ ਰੀਡਰ ਅਤੇ ਇੱਕ ਸਟੈਨੋਗ੍ਰਾਫਰ ਤਾਇਨਾਤ ਹੈ। ਸਟਾਫ਼ ਦੀ ਘਾਟ ਕਾਰਨ ਇਹ ਕਮਿਸ਼ਨ ਇੱਕ ਮਹੀਨੇ ਵਿਚ ਮੁਸ਼ਕਲ ਨਾਲ ਇੱਕ ਪੇਜ ਹੀ ਅਨੁਵਾਦ ਕਰ ਪਾਉਂਦਾ ਹੈ। ਨਤੀਜੇ ਵਜੋਂ ਪੰਜਾਬ ਦੀਆਂ ਜ਼ਿਲ੍ਹਾ ਅਦਾਲਤਾਂ ਵਿਚ ਹੁੰਦੇ ਕੰਮਕਾਜ ਨੂੰ ਪੰਜਾਬੀ ਭਾਸ਼ਾ ਵਿਚ ਕੀਤੇ ਜਾਣ ਲਈ ਲੋੜੀਂਦੀ ਸਮੱਗਰੀ (ਕਾਨੂੰਨਾਂ ਦੇ ਪੰਜਾਬੀ ਅਨੁਵਾਦ) ਉਪਲੱਬਧ ਨਹੀਂ ਹੋ ਰਹੀ। ਕਮਿਸ਼ਨ ਦੇ ਕੰਮ ਦਾ ਲੇਖਾ ਜੋਖਾ ਨੱਥੀ ਕੀਤਾ ਜਾਂਦਾ ਹੈ। ਇਸ ਵਿਸ਼ੇ ਤੇ ਵਿਸਤ੍ਰਿਤ ਜਾਣਕਾਰੀ ਦੇਣ ਲਈ ਮੇਰੇ (ਮਿੱਤਰ ਸੈਨ ਮੀਤ) ਵੱਲੋਂ ਲਿਖਿਆ ਲੇਖ ਨੱਥੀ ਵੀ ਕੀਤਾ ਜਾਂਦਾ ਹੈ।

ਕ੍ਰਿਪਾ ਕਰਕੇ ਪੰਜਾਬ ਸਰਕਾਰ ਨੂੰ ਹਦਾਇਤ ਕਰਕੇ ਇਸ ਕਮਿਸ਼ਨ ਲਈ ਲੋੜੀਂਦੇ ਮੈਂਬਰ, ਅਧਿਕਾਰੀ ਅਤੇ ਕਰਮਚਾਰੀ ਨਿਯੁਕਤ ਕਰਾਏ ਜਾਣ। ਨਾਲ ਹੀ ਕਾਨੂੰਨ ਦੇ ਅਨੁਵਾਦ ਠੇਕੇ ਤੇ ਦੇਣ ਦੀ ਵਿਵੱਸਥਾ ਕਰਵਾਈ ਜਾਵੇ ਤਾਂ ਜੋ ਜਿੱਥੇ ਇੱਕ ਪਾਸੇ ਪੰਜਾਬੀ ਪੜ੍ਹੇ ਹਜ਼ਾਰਾਂ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ ਉੱਥੇ ਦੂਜੇ ਪਾਸੇ ਆਮ ਲੋਕਾਂ ਨੂੰ ਆਪਣੀ ਮਾਤ ਭਾਸ਼ਾ ਵਿਚ ਕਾਨੂੰਨ ਵੀ ਉਪਲੱਬਧ ਹੋਣ ਲੱਗੇਗਾ।

'ਪੰਜਾਬ ਰਾਜ ਭਾਸ਼ਾ ਐਕਟ 1967' ਦੀ ਧਾਰਾ 3-ਬੀ, ਪੰਜਾਬ ਸਰਕਾਰ ਦੇ ਸਾਰੇ ਪ੍ਰਸ਼ਾਸਨਿਕ ਦਫ਼ਤਰਾਂ ਵਿਚ ਹੁੰਦੇ ਸਾਰੇ ਦਫ਼ਤਰੀ ਕੰਮਕਾਜ ਨੂੰ ਪੰਜਾਬੀ ਵਿਚ ਲਾਜ਼ਮੀ ਕੀਤੇ ਜਾਣ ਦੀ ਵਿਵੱਸਥਾ ਕਰਦੀ ਹੈ। 05 ਸਤੰਬਰ 2018 ਨੂੰ ਪੰਜਾਬ ਸਰਕਾਰ ਵੱਲੋਂ ਇੱਕ ਹੁਕਮ ਜਾਰੀ ਕਰਕੇ ਆਪਣੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਕਾਨੂੰਨ ਦੀ ਇਸ ਵਿਵੱਸਥਾ ਤੇ ਅਮਲ ਯਕੀਨੀ ਬਣਾਉਣ ਦੀ ਮੁੜ ਹਦਾਇਤ ਕੀਤੀ ਗਈ ਹੈ। (ਇਸ ਹੁਕਮ ਦੀ ਨਕਲ ਨੱਥੀ ਕੀਤੀ ਜਾਂਦੀ ਹੈ)। ਪਰ ਪੰਜਾਬ ਸਰਕਾਰ ਦਾ ਕੋਈ ਵੀ ਅਧਿਕਾਰੀ ਕਾਨੂੰਨ ਦੀ ਇਸ ਵਿਵੱਸਥਾ ਅਤੇ ਸਰਕਾਰ ਦੇ ਇਸ ਹੁਕਮ ਦੀ ਪਾਲਣਾ ਨਹੀਂ ਕਰ ਰਿਹਾ। ਬਹੁਤਾ ਪ੍ਰਸ਼ਾਸਨਿਕ ਕੰਮਕਾਜ ਕੇਵਲ ਅੰਗਰੇਜ਼ੀ ਵਿਚ ਹੁੰਦਾ ਹੈ। ਇੱਥੋਂ ਤੱਕ ਕਿ ਪੰਜਾਬ ਸਰਕਾਰ ਦੇ ਵਿਭਾਗਾਂ ਦੀਆਂ ਵੈਬਸਾਈਟਾਂ ਉੱਪਰ ਜੋ ਸੂਚਨਾ ਉਪਲੱਬਧ ਕਰਵਾਈ ਗਈ ਹੈ ਉਹ ਵੀ ਕੇਵਲ ਅੰਗਰੇਜ਼ੀ ਵਿਚ ਹੈ। ਸਰਕਾਰੀ ਅਧਿਕਾਰੀਆਂ ਦਾ ਪੰਜਾਬੀ ਵਿਰੋਧੀ ਇਹ ਵਿਵਹਾਰ ਪੰਜਾਬੀ ਦੇ ਵਿਕਾਸ ਵਿਚ ਰੋੜਾ ਅਟਕਾ ਰਿਹਾ ਹੈ।

ਕ੍ਰਿਪਾ ਕਰਕੇ ਪੰਜਾਬ ਸਰਕਾਰ ਨੂੰ ਹਦਾਇਤ ਕਰਕੇ ਕਾਨੂੰਨ ਦੀ ਇਸ ਵਿਵੱਸਥਾ ਦੀ ਪਾਲਣਾ ਯਕੀਨੀ ਬਣਾਉਣ ਦੀ ਹਦਾਇਤ ਕੀਤੀ ਜਾਵੇ ਜੀ।

ਪੰਜਾਬ ਰਾਜ ਭਾਸ਼ਾ ਐਕਟ ਦੀ ਧਾਰਾ 5 ਰਾਹੀਂ ਪੰਜਾਬ ਵਿਧਾਨ ਸਭਾ ਵਿਚ ਪੇਸ਼ ਕੀਤੇ ਜਾਂਦੇ ਬਿਲਾਂ, ਐਕਟਾਂ, ਆਰਡੀਨੈਂਸਾਂ ਅਤੇ ਹੁਕਮਾਂ ਆਦਿ ਦੀ ਭਾਸ਼ਾ ਪੰਜਾਬੀ ਕੀਤੇ ਜਾਣ ਦੀ ਵਿਵੱਸਥਾ ਕੀਤੀ ਗਈ ਸੀ। 51 ਸਾਲ ਬੀਤ ਜਾਣ ਬਾਅਦ ਵੀ ਪੰਜਾਬ ਸਰਕਾਰ ਵੱਲੋਂ ਇਹ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ। ਨਤੀਜੇ ਵਜੋਂ ਪੰਜਾਬ ਸਰਕਾਰ ਵੱਲੋਂ ਬਣਾਏ ਜਾ ਰਹੇ ਨਵੇਂ ਕਾਨੂੰਨ ਪੰਜਾਬੀ ਵਿਚ ਉਪਲੱਬਧ ਨਹੀਂ ਹੋ ਰਹੇ। ਇਸ ਵਿਸ਼ੇ ਤੇ ਵਿਸਤ੍ਰਿਤ ਜਾਣਕਾਰੀ ਦੇਣ ਲਈ ਮੇਰੇ (ਮਿੱਤਰ ਸੈਨ ਮੀਤ) ਵੱਲੋਂ ਲਿਖਿਆ ਲੇਖ ਨੱਥੀ ਕੀਤਾ ਜਾਂਦਾ ਹੈ।

ਕ੍ਰਿਪਾ ਕਰਕੇ ਪੰਜਾਬ ਸਰਕਾਰ ਨੂੰ ਹਦਾਇਤ ਕਰਕੇ ਇਹ ਨੋਟੀਫਿਕੇਸ਼ਨ ਤੁਰੰਤ ਜਾਰੀ ਕਰਵਾਈ ਜਾਵੇ ਤਾਂ ਜੋ ਲੋਕਾਂ ਨੂੰ ਨਵੇਂ ਕਾਨੂੰਨ ਆਪਣੀ ਮਾਤ ਭਾਸ਼ਾ ਵਿਚ ਮਿਲ ਸਕਣ।

ਪੰਜਾਬ ਸਰਕਾਰ ਵੱਲੋਂ ਸਾਲ 2008 ਵਿਚ 'ਪੰਜਾਬ ਪੰਜਾਬੀ ਅਤੇ ਹੋਰ ਭਾਸ਼ਾਵਾਂ ਸਿੱਖਿਆ ਐਕਟ 2008' ਬਣਾ ਕੇ ਇਸ ਐਕਟ ਦੀ ਧਾਰਾ 3 ਰਾਹੀਂ, ਪੰਜਾਬ ਦੇ ਸਾਰੇ ਸਕੂਲਾਂ ਵਿਚ ਪੰਜਾਬੀ ਵਿਸ਼ੇ ਦੀ ਪਹਿਲੀ ਜਮਾਤ ਤੋਂ ਦਸਵੀਂ ਜਮਾਤ ਤੱਕ ਪੜ੍ਹਾਈ, ਲਾਜ਼ਮੀ ਵਿਸ਼ੇ ਦੇ ਤੌਰ ਤੇ ਕਰਾਏ ਜਾਣ ਦੀ ਵਿਵੱਸਥਾ ਕੀਤੀ ਗਈ। ਪੰਜਾਬ ਵਿਚ ਸਥਿਤ ਬਹੁਤੇ ਅੰਗਰੇਜ਼ੀ ਮਾਧਿਅਮ ਸਕੂਲ ਜਿਹੜੇ ਕਿ ਸੀ.ਬੀ.ਐਸ.ਈ., ਆਈ.ਸੀ.ਐਸ.ਈ. ਅਤੇ ਹੋਰ ਕੇਂਦਰੀ ਸਿੱਖਿਆ ਬੋਰਡਾਂ ਨਾਲ ਸਬੰਧਤ ਹਨ ਇਸ ਸਮੇਂ ਇਸ ਕਾਨੂੰਨ ਦੀ ਪਾਲਣਾ ਨਹੀਂ ਕਰ ਰਹੇ। ਇਨ੍ਹਾਂ ਸਕੂਲਾਂ ਵਿਚ ਪੰਜਾਬੀ ਦੀ ਥਾਂ ਹਿੰਦੀ ਜਾਂ ਹੋਰ ਵਿਦੇਸ਼ੀ ਭਾਸ਼ਾਵਾਂ ਪੜ੍ਹਾਈਆਂ ਜਾ ਰਹੀਆਂ ਹਨ।

ਕ੍ਰਿਪਾ ਕਰਕੇ ਪੰਜਾਬ ਸਰਕਾਰ ਨੂੰ ਹਦਾਇਤ ਕਰਕੇ ਇਹ ਯਕੀਨੀ ਬਣਾਇਆ ਜਾਵੇ ਕਿ ਪੰਜਾਬ ਵਿਚ ਸਥਿਤ ਸਾਰੇ ਸਕੂਲਾਂ ਵਿਚ ਬੰਗਾਲ, ਕੇਰਲ, ਤਮਿਲਨਾਡੂ ਅਤੇ ਮਹਾਰਾਸ਼ਟਰ ਵਾਂਗ ਪੰਜਾਬੀ ਦੀ ਪਹਿਲੀ ਤੋਂ ਦਸਵੀਂ ਜਮਾਤ ਤੱਕ ਪੜ੍ਹਾਈ ਲਾਜ਼ਮੀ ਵਿਸ਼ੇ ਦੇ ਤੌਰ ਤੇ ਪੜ੍ਹਾਈ ਜਾਵੇ।

ਆਪ ਜੀ ਦੇ ਉਸਾਰੂ ਹੁੰਗਾਰੇ ਦੀ ਉਡੀਕ ਵਿਚ।

(ਮਿੱਤਰ ਸੈਨ ਮੀਤ)
ਸਹਾਇਕ ਸੰਚਾਲਕ (ਕਾਨੂੰਨ)
098556-31777

**ਨੋਟ:** ਭਾਈਚਾਰੇ ਦਾ ਇੱਕ ਪ੍ਰਤੀਨਿਧ ਮੰਡਲ, ਇਸ ਸਮੱਸਿਆ ਨੂੰ ਆਪ ਜੀ ਅੱਗੇ ਵਿਸਥਾਰ ਨਾਲ ਪੇਸ਼ ਕਰਨ ਲਈ, ਮੁਲਾਕਾਤ ਕਰਨੀ ਚਾਹੁੰਦਾ ਹੈ। ਕ੍ਰਿਪਾ ਕਰਕੇ ਕੁਝ ਸਮਾਂ ਭਾਈਚਾਰੇ ਲਈ ਰਾਖਵਾਂ ਕੀਤਾ ਜਾਵੇ ਜੀ।